# ਕਾਵਿ-ਕਿਆਰੀ

## ਜੰਮੇ ਤੇ ਅਣਜੰਮੇ !



**ਤਰਲੋਚਨ ਸਿੰਘ ਦੁਪਾਲਪੁਰ**

ਕਿਰਤ ਵਿਰਤ ਦਾ ਛੱਡਿਆ ਖਿਆਲ ਦੇਖੋ,
ਹਰ ਕੋਈ ਵਿਹਲੀਆਂ ਖਾਣ ਨੂੰ ਚਾਹੁਣ ਲੱਗਾ
ਜ਼ਹਿਰ ਘੋਲ'ਤੀ ਵਿਰਸੇ ਵਿੱਚ ਨਗਨਤਾ ਦੀ
ਸਮਾਂ ਚੰਦਰਾ ਕਿੰਦਾਂ ਦਾ ਆਉਣ ਲੱਗਾ ।
ਕੁੜੀਆ-ਮੁੰਡੇ ਸਭ ਹੋਏ ਨਿਸੰਗ ਫਿਰਦੇ,
ਲੱਚਰ-ਪੁਣਾ ਹੁਣ ਰੰਗ ਦਿਖਾਉਣ ਲੱਗਾ ।
ਵਿਰਲੇ ਟਾਵੇਂ ਦੀ ਹੋਊ ਔਲਾਦ ਚੰਗੀ,
ਨਹੀਂ ਤਾਂ ਪੁੱਤ ਹੁਣ 'ਪਿਉ' ਸਦਾਉਣ ਲੱਗਾ
ਮਾਪੇ ਛੱਡੇ ਨਾ ਕਿਤੇ ਮੂੰਹ ਦੇਣ ਜੋਗੇ
ਯਾਰੋ ਪੁੱਤਰਾਂ ਧੀਆਂ ਨਿਕੰਮਿਆਂ ਨੇ ।
ਜੰਮੇ ਕਿਸੇ ਨੂੰ ਚਿੰਬੜੇ 'ਜਮਾਂ' ਵਾਂਗੂੰ
ਦੁਖੀ ਕਿਸੇ ਨੂੰ ਕੀਤਾ ਅਣ-ਜੰਮਿਆਂ ਨੇ !

**ਤਰਲੋਚਨ ਸਿੰਘ ਦੁਪਾਲਪੁਰ**

## ਜ਼ਰੂਰੀ ਹੈ

**ਵਿਸ਼ਵਜੋਤ**

ਪੰਛੀਆਂ ਦਾ ਆਜ਼ਾਦ ਉਡਦੇ ਰਹਿਣਾ ਜ਼ਰੂਰੀ ਹੈ,
ਇਹ ਪ੍ਰਤੀਬਿੰਬ ਨੇ ਸਾਡੀ ਆਜ਼ਾਦ ਸੋਚ ਦਾ;
ਇਨ੍ਹਾਂ ਦਾ ਪਿੰਜਰੇ ਵਿਚ ਬੰਦ ਹੋਣਾ
ਵਿਰੋਧਭਾਸ ਹੈ, ਇਨ੍ਹਾਂ ਦੀ ਹੋਂਦ ਦਾ।

ਖੁਆਬਾਂ ਨੂੰ ਬੁਣਦੇ ਰਹਿਣਾ ਜ਼ਰੂਰੀ ਹੈ,
ਇਹ ਪ੍ਰਮਾਣ ਨੇ ਸਾਡੇ ਜਿਉਂਦੇ ਹੋਣ ਦਾ;
ਖੁਆਬਾਂ ਦੀ ਔੜ, ਵਿਚਾਰਾਂ 'ਤੇ ਬੰਦਿਸ਼,
ਵਿਰੋਧਾਭਾਸ ਹੈ ਮਨੁੱਖ ਦੇ ਆਜ਼ਾਦ ਹੋਣ ਦਾ।

ਬਾਲਾਂ ਦਾ ਹੱਸਦੇ ਰਹਿਣਾ ਜ਼ਰੂਰੀ ਹੈ,
ਇਹ ਆਸ ਨੇ ਭਵਿੱਖ ਸੁਨਹਿਰੀ ਹੋਣ ਦਾ;
ਇਨ੍ਹਾਂ ਦਾ ਚਿੰਤਾਤੁਰ ਹੋਣਾ ,
ਵਿਰੋਧਾਭਾਸ ਹੈ ਕਿਸੇ ਵੀ ਭਵਿੱਖੀ ਸੋਚ ਦਾ।

ਫੁੱਲਾਂ ਦਾ ਖਿੜਦੇ ਰਹਿਣਾ ਜ਼ਰੂਰੀ ਹੈ,
ਇਹ ਅਰਦਾਸ ਨੇ ਸਰਬ ਦਾ ਭਲਾ ਹੋਣ ਦੀ;
ਕਲੀਆਂ ਦਾ ਮਰਨਾ, ਫੁੱਲਾਂ ਦਾ ਟੁੱਟਣਾ,
ਵਿਰੋਧਾਭਾਸ ਹੈ ਕੁਦਰਤ ਦੇ ਜਿਉਂਦੇ ਹੋਣ ਦਾ।

ਬਜ਼ੁਰਗਾਂ ਨੂੰ ਬਾਤਾਂ ਯਾਦ ਰਹਿਣੀਆਂ ਜ਼ਰੂਰੀ ਨੇ,
ਇਹ ਨੀਂਹ ਨੇ ਵਰਤਮਾਨ ਦੀ ਹੋਂਦ ਥੱਲੇ,
ਇਨ੍ਹਾਂ ਦਾ ਉਦਾਸੀਨ ਹੋਣਾ,
ਵਿਰੋਧਾਭਾਸ ਹੈ ਮਨੁੱਖਤਾ ਦੇ ਅਨੁਭਵੀ ਹੋਣ ਦਾ।

ਨਦੀਆਂ ਦਾ ਸਵੱਛ ਵਗਦੇ ਰਹਿਣਾ ਜ਼ਰੂਰੀ ਹੈ,
ਇਹ ਸਰੋਤ ਨੇ ਧਰਤੀ ਉਤੇ ਜੀਵਨ ਦਾ,
ਇਨ੍ਹਾਂ 'ਚ ਸੜਾਂਦ ਜਾਂ ਸੋਕਾ,
ਵਿਰੋਧਾਭਾਸ ਹੈ ਜ਼ਿੰਦਗੀ ਦੇ ਜਿਉਂਦੇ ਹੋਣ ਦਾ।

ਨੌਜਵਾਨਾਂ ਦਾ ਪਸੀਨਾ ਵਹਾਉਣਾ ਜ਼ਰੂਰੀ ਹੈ,
ਇਹ ਤਸਵੀਰ ਨੇ 'ਸਭ ਠੀਕ ਹੈ' ਹੋਣ ਦਾ;
ਇਨ੍ਹਾਂ ਦਾ ਝੁਰਨਾ ਜਾਂ ਵਿਹਲੇ ਬਹਿਣਾਖ
ਵਿਰੋਧਾਭਾਸ ਹੈ ਵਰਤਮਾਨ ਵਿਚ ਕਿਸੇ ਗਤੀ ਦੇ ਹੋਣ ਦਾ।

## ਲਾਸ਼

*ਐੱਸ. ਐੱਸ. ਖ਼ਾਲਸਾ 'ਵੁਲਵਰਹੈਂਪਟਨ'*

ਬਿਨਾਂ ਕਫ਼ਨ ਇਹ ਲਾਸ਼ ਪਈ ਹੈ
ਮਰਸੀਆ ਹੁਣ ਕੌਣ ਪੜ੍ਹੇਗਾ ?
ਕਿਸ ਦੀ ਮਮਤਾ ਦਾ ਮਾਤਮ ਹੈ ?
ਲਾਵਾਰਿਸ ਇਹ ਲਾਸ਼ ਪਈ ਹੈ,
ਮਲ਼ਬੇ ਹੇਠਾਂ ਦੱਬੀ ਹੋਈ ਹੈ,
ਇਰਦ ਗਿਰਦ ਸਰਕਾਰ ਖੜ੍ਹੀ ਹੈ।

## === ਬੋਲੀ ===

ਉਂਜ ਬੱਲ ਭਾਵੇਂ ਡਾਹਡਾ
ਤੇ ਸੱਸੀ ਮਲੂਕ ਏ
ਇਹਦੇ ਸਾਹਾਂ 'ਚ ਰਾਂਝੇ ਦੀ
ਵੰਝਲੀ ਦੀ ਕੂਕ ਏ
ਇਹਦੇ ਬੋਲਾਂ ਮਿਰਜ਼ੇ ਦੇ
ਤੀਰਾਂ ਦੀ ਸ਼ੂਕ ਏ
ਇਹ ਵਲੀਆਂ ਦੀ ਬੋਲੀ
ਇਹ ਪੀਰਾਂ ਦੀ ਬੋਲੀ
ਇਹ ਭਗਤਾਂ ਦੀ ਬੋਲੀ
ਇਹ ਕਿਰਤੀ ਗਰੀਬਾਂ
ਫਕੀਰਾਂ ਦੀ ਬੋਲੀ
ਇਹ ਹਿੰਦੂਆਂ ਸਿੱਖਾਂ
ਮੁਸਲਮਾਨਾਂ ਦੀ ਬੋਲੀ
ਪਰ ਨਹੀਂ ਇਹ ਬੇਗੈਰਤ
ਵਿਦਵਾਨਾਂ ਦੀ ਬੋਲੀ
ਪੰਜਾਬੀ ਹੈ ਆਮ
ਇਨਸਾਨਾਂ ਦੀ ਬੋਲੀ ।

ਇਹਦੇ ਪੈਰਾਂ ਵਿੱਚ
ਬਲ ਵੀ ਤਪਦੇ ਬੜੇ ਨੇ
ਇਹਦੇ ਬੇਲਿਆਂ 'ਚ
ਲੱਖੀ ਦੇ ਜੰਗਲ ਖੜ੍ਹੇ ਨੇ
ਇਹਦੇ ਬੇਟੇ ਦੋ ਸੋਹਣੇ
ਚਮਕੌਰ ਲੜੇ ਨੇ
ਇਹਦੇ ਹੋਰ ਦੋ ਬੱਚੇ
ਨੀਹਾਂ 'ਚ ਖੜ੍ਹੇ ਨੇ
ਇਹ ਅਣਖੀ ਦਲੇਰਾਂ
ਜੁਆਨਾਂ ਦੀ ਬੋਲੀ
ਪਰ ਨਹੀਂ ਇਹ ਬੇਗੈਰਤ
ਵਿਦਵਾਨਾਂ ਦੀ ਬੋਲੀ
ਪੰਜਾਬੀ ਹੈ ਆਮ

ਫਰਿਹਾਦ ਦੇ ਤੇਸੇ ਦਾ
ਜੇਰਾ ਏ ਇਸ ਵਿੱਚ
ਨਿੱਤ ਨਵਾਂ ਸਾਲ ਸੋਨ ਸਵੇਰਾ
ਏ ਇਸ ਵਿੱਚ
ਧਾਰਾਂ ਤਾਂ ਚੰਗੀਆਂ
ਭਾਵੇਂ ਗੋਕਾ ਵੀ ਦਿੰਦੈ
ਬੂਰੀਆਂ ਜਿਹਾ ਪਰ
ਲਵੇਰਾ ਏ ਇਸ ਵਿੱਚ
ਇਹ ਸੁਘੜ ਸੁਨੱਖੀਆਂ
ਰਕਾਨਾਂ ਦੀ ਬੋਲੀ
ਪਰ ਨਹੀਂ ਇਹ ਬੇਗੈਰਤ
ਵਿਦਵਾਨਾਂ ਦੀ ਬੋਲੀ
ਪੰਜਾਬੀ ਹੈ ਆਮ
ਇਨਸਾਨਾਂ ਦੀ ਬੋਲੀ ।

ਸਾਨੂੰ ਤੂੰ ਕੀਤੇ ਨੇ ਠੰਠੇ ਬਥੇਰੇ
ਹੋਰ ਵੀ ਕਈ ਨੇ ਜੱਬੇ 'ਚ ਤੇਰੇ
ਗੱਲਾਂ ਦਾ ਤੂੰ ਏ ਜੋਧਾ ਵਡੇਰਾ
ਤੀਰ ਵੀ ਬੜੇ ਨੇ ਭੱਥੇ 'ਚ ਤੇਰੇ
ਅਸੀਂ ਵੀ ਕਰੁੰਡੀਏ ਪਟਾਰੀ 'ਚ ਰੱਖੇ
ਇਹ ਸੱਪ ਵਾਂਗ ਲੜੇਗੀ
ਮੱਥੇ 'ਚ ਤੇਰੇ
ਇਹ ਤਾਂ ਅਗੰਮੀ ਜਿਹੀ
ਚੜਦੀ ਕਲਾ ਹੈ
ਇਹ ਗੁਰਬਾਣੀ ਦੇ
ਮਿਠੜੇ ਕਲਾਮਾਂ ਦੀ ਬੋਲੀ
ਪਰ ਨਹੀਂ ਇਹ ਬੇਗੈਰਤ
ਵਿਦਵਾਨਾਂ ਦੀ ਬੋਲੀ
ਪੰਜਾਬੀ ਹੈ ਆਮ
ਇਨਸਾਨਾਂ ਦੀ ਬੋਲੀ



ਮੈਂ ਤਾਂ ਭਾਈ ਆਪਣੇ
ਲੋਕਾਂ 'ਚ ਰਹੂੰਗਾ
ਜੋ ਚੰਗੀ ਨਾਂ ਲੱਗੀ
ਉਹੋ ਗੱਲ ਕਹੂੰਗਾ
ਦੁਖ ਸੁਖ ਜੋ
ਇਨ੍ਹਾਂ ਦੇ ਨਾਲ ਸਹੂੰਗਾ
ਜਿਥੇ ਇਹ ਬੈਠੇ
ਮੈਂ ਉਥੇ ਬਹੂੰਗਾ
ਇਹ ਮੇਰੇ ਚੰਦਾਂ ਦੀ
ਤਾਰਿਆਂ ਤੇ ਭਾਨਾਂ ਦੀ ਬੋਲੀ
ਪਰ ਨਹੀਂ ਇਹ ਬੇਗੈਰਤ
ਵਿਦਵਾਨਾਂ ਦੀ ਬੋਲੀ
ਪੰਜਾਬੀ ਹੈ ਆਮ
ਇਨਸਾਨਾਂ ਦੀ ਬੋਲੀ

**ਹਰਜਿੰਦਰ ਸਿੰਘ ਸੰਧੂ**

## ਆਉਣਾ ਨਹੀਂ

ਜੋ ਚਲੇ ਗਏ ਬਾਬੇ ਪੁਰਾਣੇ ਉਹਨਾਂ ਨੇ ਮੁੜ ਆਉਣਾ ਨਹੀਂ
ਨਾ ਦਾਣੇ ਕਿਸੇ ਨੇ ਭੁੰਨਣੇ ਨੇ ਭੱਠੀ ਨੂੰ ਕਿਸੇ ਤਪਾਉਣਾ ਨਹੀਂ ।

ਬਲਦਾਂ ਦੇ ਗੱਲ ਪਾ ਕੇ ਘੁੰਗਰੂ ਟੱਲੀਆਂ ਨੂੰ ਛਣਕਾਉਣਾ ਨਹੀਂ
ਅੰਮ੍ਰਿਤ ਵੇਲੇ ਹਲ ਜੋੜ ਪੈਲੀ ਨੂੰ ਕਿਸੇ ਨੇ ਵਾਹੁਣਾ ਨਹੀਂ ।

ਆਪਣੀ ਵਾਰੀ ਸਭ ਤੁਰ ਜਾਣਾ ਰੱਜ ਕੇ ਕਿਸੇ ਜਿਊਣਾ ਨਹੀਂ
ਨਾ ਹੀ ਛਿੰਝਾਂ ਲੱਗਣੀਆਂ ਮਿੱਤਰੋ ਗੱਡਿਆਂ ਤੇ ਮੇਲੇ ਆਉਣਾ ਨਹੀਂ ।

ਇੱਟ ਚੁੱਕੀ ਤੋਂ ਸੰਤ ਮਿਲਣਗੇ ਗੁਰੂ ਗੋਬਿੰਦ ਬਣ ਕੇ ਆਉਣਾ ਨਹੀਂ
ਪਿਤਾ ਵਾਰ ਕੇ ਕੌਮ ਦੀ ਖਾਤਰ ਡੁੱਬਦਾ ਧਰਮ ਕਿਸੇ ਬਚਾਉਣਾ ਨਹੀਂ ।

ਭਗਤ ਸਿੰਘ ਵਾਂਗ ਚੜ੍ਹ ਕੇ ਫਾਂਸੀ ਦੇਸ਼ ਅਜ਼ਾਦ ਕਰਾਉਣਾ ਨਹੀਂ
ਊਧਮ ਸਿੰਘ ਵਾਂਗ ਲੰਡਨ ਜਾ ਕੇ ਕੌਮ ਦਾ ਕਰਜ਼ਾ ਲਾਹੁਣਾ ਨਹੀਂ ।

ਪਿਆਰ ਕਰਨਗੇ ਝੂਠਾ ਜੱਗ ਤੇ ਰਾਂਝੇ ਪੂੰਨੂ ਜਿਹਾ ਹੋਣਾ ਨਹੀਂ
ਕੱਚਿਆਂ ਤੇ ਤਰ ਸੋਹਣੀ ਵਾਂਗੂ ਕਿਸੇ ਕਿਸਮਤ ਨੂੰ ਅਜਮਾਉਣਾ ਨਹੀਂ ।

ਸ਼ਿਵ ਨੂਰ ਪੁਰੀ ਨੇ ਲਿਖਣਾ ਨਹੀਂ ਜੰਮਲੇ ਜੱਟ ਨੇ ਗਾਉਣਾ ਨਹੀਂ
ਹਸਦੀ ਵਸਦੀ ਦੁਨੀਆਂ ਤੋਂ ਜੋ ਚਲਾ ਗਿਆ ਮੁੜ ਦੁਨੀਆਂ 'ਤੇ ਆਉਣਾ ਨਹੀਂ

ਪੁੱਤ ਸੂਰਮੇ ਨਹੀਂ ਜੰਮਣੇ ਮਾਵਾਂ ਨੇ ਜੱਗ ਸੁੱਚਾ ਕਿਸੇ ਅਖਵਾਉਣਾ ਨਹੀਂ
ਭਿੰਡਰਾਂ ਵਾਲੇ ਜਰਨੈਲ ਦੇ ਵਾਂਗੂੰ ਕਿਸੇ ਖਾਲਿਸਤਾਨ ਬਨਾਉਣਾ ਨਹੀਂ ।

ਸੁੱਤਾ ਉੱਠ ਖੜ ਸਤਿਆ ਬਾਪੂ ਨੇ ਆਖ ਬਲਾਉਣਾ ਨਹੀਂ
ਯਾਦਾਂ ਮੁੜ ਮੁੜ ਆਉਣਗੀਆ ਸਤਿਆ ਬਾਪੂ ਜੀ ਨੇ ਆਉਣਾ ਨਹੀਂ

ਮੈਂ ਕੀ ਸੀ ਪਤਾ ਨਹੀਂ, ਮੈਂ ਕਿਥੇ ਸੀ ਪਤਾ ਨੀ
ਮੈਂ ਕੀ ਹਾਂ ਪਤਾ ਹੈ, ਮੈਂ ਕਿਥੇ ਹਾਂ ਪਤਾ ਹੈ।
ਮੈਂ ਕੀ ਹੋਵਾਂਗਾ ਪਤਾ ਹੈ, ਮੈਂ ਕਿਥੇ ਹੋਵਾਂਗਾ ਪਤਾ ਨਹੀਂ ।

**ਸਤਨਾਮ ਸਿੰਘ ਘੋਲੀਆ**

## ਭਟਕਣ



ਮਨ ਦੀ ਭਟਕਣ ਦੂਰ ਨ ਹੋਈ
ਸਾਰੀ ਅਉਧ ਵਿਹਾਈ ।
ਮਾਨਸਰਾਂ ਦੇ ਕੰਢੇ ਰਹਿ ਕੇ
ਮੁੜ ਚਲੀ ਤ੍ਰਿਹਾਈ ।

ਮਨ ਚੰਚਲ ਨਾ ਵੱਸ ਵਿੱਚ ਹੋਇਆ
ਲੱਖਾਂ ਗਡੀਆਂ ਫਾਹੀਆਂ।
ਹਰ ਫਾਹੀ ਚੋਂ ਨਿਕਲ ਗਿਆ ਏ
ਕਰ ਡਾਢੀ ਚਤੁਰਾਈ ।

ਇਸ ਦੇ ਕੋੜੇ ਕਾਰੇ ਤੱਕ ਤੱਕ,
ਲਾਜ ਲੱਜਾ ਨੂੰ ਆਵੇ ।
ਇਹ ਕਿਸ ਮਿੱਟੀ ਦਾ ਹੈ ਬਣਿਆ
ਇਸ ਨੂੰ ਲਾਜ ਨਾ ਆਈ ।

ਨੀਵੀਂ ਸਤਹ ਨੂੰ ਪਾਣੀ ਵਾਕੁਰ
ਇਹ ਮਨ ਭੱਜ ਭੱਜ ਜਾਵੇ ।
ਸੁਰਤਿ ਦੇ ਉਚੇ ਮੰਡਲਾਂ ਦੇ ਵੱਲ
ਕਦੇ ਨਾ ਕਰੇ ਚੜ੍ਹਾਈ ।

ਰੂਹ ਦੇ ਚਾਨਣ ਤੋਂ ਇਹ ਸਖਣਾ
ਨਿਤ ਨਿਤ ਠੇਡੇ ਖਾਵੇ ।
ਇਸ ਦੀਆਂ ਅੱਖੀਆਂ ਨੂੰ ਚੁੰਧਿਆਵੇ
ਵਿਸ਼ਿਆਂ ਦੀ ਰੁਸ਼ਨਾਈ ।

ਇਹ 'ਨਿਰਦੋਸ਼' ਹੈ ਤਲਖ ਹਕੀਕਤ
ਪਰ ਮਨ ਨਹੀਓਂ ਮੰਨਦਾ ।
ਨਿੱਤ ਬਹਾਨੇ ਨਵੇਂ ਬਣਾ ਕੇ,
ਜਾਂਦਾ ਹੈ ਝੁਠਲਾਈ ।

**ਗਿ: ਕੇਵਲ ਸਿੰਘ ਨਿਰਦੋਸ਼ ਦੁਸਾਂਝ ਕਲਾਂ**

* * * *

## ਖਿੜਕੀ



ਬੰਦ ਖਿੜਕੀ
ਬੰਦ ਦਰਵਾਜ਼ਾ
ਅੰਦਰ ਚੁੱਪ
ਬਾਹਰ ਅਵਾਜ਼ਾ !!



ਅੰਦਰ ਰਹਿਣ ਨੂੰ
ਦਿਲ ਨਹੀਂ ਕਰਦਾ
ਬਾਹਰ ਜਾਣ ਨੂੰ
ਜੀ ਨਹੀਂ ਕਰਦਾ ॥

ਖਿੜਕੀ ਖੋਲਾਂ
ਜਾਂ ਦਰਵਾਜ਼ਾ
ਬਾਹਰ ਖੜਾਂ
ਜਾਂ ਅੰਦਰ ਆ ਜਾਂ ?

ਚਾਰ ਕੰਧਾਂ
ਇਕ ਮਘੋਰਾ
ਸਾਡੀ ਕੰਧ
ਕਿਸ ਲਾਇਆ ਖੋਰਾ ॥

ਇਹ ਖੋਰਾ
ਸਾਡੇ ਦਿਲ ਨੂੰ ਖਾਵੇ
ਚੋਰ ਕਿਤੇ
ਅੰਦਰ ਨਾ ਆ ਜਾਵੇ ॥

ਪਰ, ਚੋਰ ਵਾਸਤੇ
ਅੰਦਰ ਹੈ ਵੀ ਕੀ ਏ
ਖਾਲੀ ਅੰਦਰ
ਦਿਲ ਦਾ ਹਾਲ ਵੀ ਇਹ ਈ ਏ ॥

**ਸੁਲੱਖਣ ਸਿੰਘ ਜੌਹਲ ਡਰਬੀ**

* * * * *